**ਅਭਿਆਸੀ ਪ੍ਰਸ਼ਨ ਪੱਤਰ (੨੦੦੯)**

**ਸਮਾਂ : ਤਿੰਨ ਘੰਟੇ** **ਵਿਸ਼ਾ : ਪੰਜਾਬੀ**

**ਅੰਕ : ੧੦੦** **ਜਮਾਤ : ਦਸਵੀਂ**

**ਨੋਟ- ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ! ਲਿਖਾਈ ਸਾਫ, ਸੁੰਦਰ ਅਤੇ ਸ਼ੁਧ ਹੋਣੀ ਚਾਹੀਦੀ ਹੈ !**

**ਭਾਗ (ੳ)**

**{੧}(ੳ) ਸਾਹਮਣੇ ਲਿਖੇ ਅਨੁਸਾਰ ਹੱਲ ਕਰੋ !**

(੧) 'ਪਰ' ਅਗੇਤਰ ਲਗਾ ਲੇ ਦੋ ਸ਼ਬਦ ਲਿਖੋ ! ੧

(੨) 'ਜਨਕ' ਪਿਛੇਤਰ ਲਗਾ ਕੇ ਦੋ ਸ਼ਬਦ ਲਿਖੋ ੧

(੩) ਗੱਲ ਅਤੇ ਬਾਤ ਸ਼ਬਦਾ ਦਾ ਸਮਾਸ ਬਣਾਓ ੧

**(ਅ) ਕੇਵਲ ਨਾਂਵ ਪਦ ਵੰਡ ਕਰੋ ।**

ਜੀਤੂ ਨੇ ਗਾਣਾ ਗਾਇਆ! ੩

**(ੲ)** (੧) ਯਸ਼, ਅਉਖਾ, ਐੱਮੇ, ਘਾਸ. **( ਸ਼ਬਦ ਸ਼ੁੱਧ ਕਰਕੇ ਲਿਖੋ )** ੪*੧/੨=੨

(੨) ਮੰਗਤੇ ਨੂੰ ਨਾ ਦਿਓ ਕਦੀ ਪੈਸੇ ! **(ਵਾਕ ਸ਼ੁੱਧ ਕਰਕੇ ਲਿਖੋ )** ੧

**(ਸ)** (੧) ਪਦ-ਵੰਡ ਤੋਂ ਕੀ ਭਾਵ ਹੈ ? **(ਸਧਾਰਨ ਵਾਕ ਬਣਾਓ)** ੧

(੨) ਕੋਠੇ ਉੱਤੇ ਚੜ੍ਹਨਾ ਸੌਖਾ ਨਹੀਂ। **(ਹਾਂ ਵਾਚਕ)** ੧

(੩) ਮੇਰੀ ਬੀ.ਏ. ਪਾਸ ਹੋਣ ਦੀ ਇੱਛਾ ਹੈ । **(ਵਿਸਮਿਕ)** ੧

**(ਹ) ਵਿਸ਼ਰਾਮ ਚਿੰਨ੍ਹ ਲਗਾਓ:-**

ਸ਼ਾਬਾਸ਼ ਬਈ ਤੁਸੀਂ ਪਿੰਡ ਦਾ ਨਾਂ ਕੱਢ ਦਿੱਤਾ ਉ ਪ੍ਰਧਾਨ ਨੇ ਕਿਹਾ! ੩

**{੨} (ੳ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕੋਈ ਤਿੰਨ ਮੁਹਾਵਰੇ ਆਪਣੇ ਵਾਕਾਂ ਵਿਚ ਵਰਤ ਕੇ ਅਰਥ ਸਪਸ਼ਟ ਕਰੋ :** ੩

(੧) ਜਾਨ ਮਾਰਨਾ (੨) ਅੱਖਾਂ ਖੁੱਲਣੀਆਂ (੩) ਸੁਰ ਮਿਲਣਾ (੪) ਇੱਕ ਅੱਖ ਨਾਲ ਵੇਖਣਾ (੫) ਘਿਓ ਖਿਚੜੀ ਹੋਣਾ ।

**(ਅ) ਇਹ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੇ ਜਾਦੇ ਹਨ !** ੨

(੧)ਵਿਆਹ ਵਿੱਚ ਬੀ ਦਾ ਲੇਖਾ (੨) ਕੋਹ ਨਾ ਚੱਲੀ ਬਾਬਾ ਤਿਹਾਈ

**{੩} ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ ੩੦੦ ਸ਼ਬਦਾਂ ਦਾ ਨਿਬੰਧ ਲਿਖੋ :-**

(੧) ਮਹਿੰਗਾਈ (੨) ਮਨ ਜੀਤੈ ਜਗ ਜੀਤ (੩) ਪੰਜਾਬ ਦੇ ਲੋਕ ਗੀਤ (੪) ਕੇਬਲ ਟੀ.ਵੀ ਵਰ ਜਾਂ ਸਰਾਪ (੫) ਮੇਰਾ ਮਨ ਪਸੰਦ ਕਵੀ ੧੨

**{੪} ਤੁਹਾਡੇ ਇਲਾਕੇ ਵਿੱਚ ਵਧ ਰਹੇ ਨਸ਼ਿਆਂ ਸੰਬੰਧੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ !** ੮

**ਜਾਂ**

**ਤੁਹਾਡੇ ਇਲਾਕੇ ਵਿੱਚ ਵਧ ਰਹੀਆਂ ਨਕਲੀ ਦਵਾਈਆਂ ਵਰਤੋਂ ਦੀ ਸਕਾਇਤ ਸੀ.ਐਮ.ਓ ਸਾਹਿਬ ਨੂੰ ਕਰੋ!**

**{੫} ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਤੇ ਸਿਰਲੇਖ ਵੀ ਲਿਖੋ:** ੮+੨ =੧੦

ਘਰ ਇੱਟਾਂ ਜਾਂ ਵੱਟਿਆਂ ਦੇ ਬਣੇ ਕੋਠੇ ਨੂੰ ਨਹੀਂ ਕਹਿੰਦੇ! ਘਰ ਤੋਂ ਭਾਵ ਉਹ ਥਾਂ ਹੈ, ਜਿੱਥੇ ਮਨੁੱਖ ਦੇ ਪਿਆਰ ਦੀਆ ਸਧਰਾਂ ਪਲਦੀਆਂ ਹਨ ,ਜਿੱਥੇ ਬਾਲਪਨ ਵਿੱਚ ਮਾਂ, ਭੈਣ ਤੇ ਭਰਾ ਕੋਲੋਂ ਲਾਡ ਲਿਆ ਹੁੰਦਾ ਹੈ,ਜਿੱਥੇ ਜਵਾਨੀ ਵਿੱਚਸਾਰੇ ਜਹਾਨ ਨੂੰ ਗਾਹ ਕੇ,ਲਿਤਾੜ ਕੇ,ਖੱਟੀ ਕਮਾਈ ਕਰਕੇ ਮੁੜ ਆਉਣ ਨੂੰ ਜੀਅ ਕਰਦਾ ਹੈ! ਜਿੱਥੇ ਬੁਢਾਪੇ ਵਿੱਚ ਬਹਿ ਕੇ ਸਾਰੇ ਜਵਿਨ ਦੇ ਝਮੇਲਿਆਂ ਤੋਂ ਮਿਲੀ ਵਿਹਲ ਨੂੰ ਕੱਟਣ ਦਾ ਸੁਆਦ ਆਉਂਦਾ ਹੈ ਜਿਵੇਂ ਬਚਪਨ ਵਿੱਚ ਮਾਂ ਦੀ ਝੋਲੀ ਵਿੱਚ ਆਉਦਾ ਸੀ! ਘਰ ਮਨੁੱਖ ਦੇ ਨਿੱਜੀ ਵਲਵਲਿਆਂ ਤੇ ਖਿਆਲਾਂ ਦਾ ਕੇਂਦਰ ਹੁੰਦਾ ਹੈ! ਮਨੁੱਖ ਦਾ ਆਚਰਨ ਬਣਾਉਣ ਵਿੱਚ ਜਿੱਥੇ ਸਮਾਜਿਕ ਤੇ ਮੁਲਕੀ ਆਲੇ-ਦੁਆਲੇ ਦਾ ਅਸਰ ਕੰਮ ਕਰਦਾ ਹੈ ਉੱਥੇ ਘਰ ਦੀ ਚਾਰ ਦਿਵਾਰੀ ਅਤੇ ਇਸ ਦੇ ਅੰਦਰ ਦੀ ਹਾਲਾਤ ਦਾ ਅਸਰ ਵੀ ਘੱਟ ਕੰਮ ਨਹੀਂ ਕਰਦਾ! ਸਗੋਂ ਮਨੁੱਖ ਦਾ ਆਚਰਨ ਬਣਦਾ ਘਰ ਵਿੱਚ ਹੈ! ਇਹੋ ਉਸ ਦੀਆਂ ਰੁਚੀਆਂ ਅਤੇ ਸੁਭਾਓ ਦਾ ਸਾਂਚਾ ਹੈ!

**ਭਾਗ (ਅ)**

**{੬} ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਦਿਓ:-** ੧*੮=੮

੧ ਭਾਈ ਗੁਰਦਾਸ ਅਨੁਸਾਰ ਅਕਿਰਤਘਣ ਕੌਣ ਹੁੰਦੇ ਹਨ?

੨ 'ਮਾ ਦਾ ਦਿਲ' ਕਵਿਤਾ ਵਿੱਚ ਸੁੰਦਰੀ ਨੇ ਨੌਜਵਾਨ ਤੋਂ ਕੀ ਮੰਗਿਆ?

੩ "ਮੇਰੇ ਵੱਡ-ਵਡੇਰੇ'ਪਾਠ ਵਿੱਚ ਕਿਸ ਬਾਬੇ ਦੀ ਘਟਨਾ ਤਹਾਨੂੰ ਟੁੰਬਦੀ ਹੈ?

੪ 'ਪ੍ਰਾਥਨਾ' ਲੇਖ ਕਿਸ ਦਾ ਲਿਖਿਆ ਹੋਇਆ ਹੈ?

੫ 'ਕਰਾਮਾਤ ਕਹਾਣੀ ਵਿੱਚ ਅੰਗਰੇਜ਼ਾਂ ਨੂੰ ਕੀ ਕਿਹਾ ਹੈ?

੬ 'ਗੁਰਚਰਨ ਸਿੰਘ ਜਸੂਜਾ' ਦੇ ਇਕਾਂਗੀ ਦਾ ਨਾਂ ਲਿਖੋ !

੭ ਗੁਰੂ ਨਾਨਕ ਦੇਵ ਜੀ ਕਿਹੜੇ ਯੁੱਗ ਵਿੱਚ ਪ੍ਰਗਟ ਹੋਏ ?

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!

੮ ਪੰਜਾ ਸਾਹਿਬ ਦਾ ਪੁਰਾਣਾ ਨਾਂ ਕੀ ਸੀ ?

**{੭} ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ੪੦-੫੦ ਸ਼ਬਦਾਂ ਵਿੱਚ ਦਿਓ :** **੨*੯= ੧੮**

੧. ਜੀਤੀ ਨੇ ਆਪਣੀ ਦਾਦੀ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਆਪਣੇ ਪਿਤਾ ਜੀ ਨੂੰ ਚਿੱਠੀ ਕਿਉਂ ਨਹੀਂ ਪਾਈ?
੨. ਬਿਮਲਾ ਕੌਣ ਸੀ ? ਉਹ ਰਘੁਨਾਥ ਨੂੰ ਕੀ ਉਲ੍ਹਾਂਭਾ ਦਿੰਦੀ ਹੈ?
੩. ਡਾ. ਰਾਧਾ ਕ੍ਰਿਸ਼ਨਨ ਦੀ ਖੋਜ ਵਿਧੀ ਦੀ ਕੀ ਵਿਸ਼ੇਸ਼ਤਾ ਸੀ?
੪. ਫ਼ੌਜ਼ ਵਿੱਚ ਭਰਤੀ ਹੋ ਕੇ ਟਾਲਸਟਾਏ ਨੂੰ ਕੀ ਲਾਭ ਹੋਇਆ?
੫. ਕੈਦੀ ਦਾ ਵਿਵਹਾਰ ਵਿੱਚ ਕੀ ਤਬਦੀਲੀ ਆਈ ਤੇ ਕਿਵੇਂ?
੬. ਰੇਡੀਓ ਤੇ ਟੈਲੀਵਿਜ਼ਨ ਨੇ ਸਮਾਜ ਵਿੱਚ ਕੀ ਤਬਦੀਲੀ ਲਿਆਦੀਂ ਲੇਖ ਦੇ ਅਧਾਰ ਤੇ ਲਿਖੋ ?
੭. 'ਖੈਰ ਦੀਜੈ ਬੰਦਗੀ' ਸ਼ਬਦ ਦਾ ਕੇਂਦਰੀ ਭਾਵ ਲਿਖੋ?
੮ ਪੁਰਾਣੇ ਪੰਜਾਬ ਦੇ ਲੋਕਾਂ ਅਤੇ ਅੱਜ ਦੇ ਲੋਕਾਵਿੱਚ ਤੁਸੀਂ ਕੀ ਫ਼ਰਕ ਮਹਿਸੂਸ ਕਰਦੇ ਹੋ?
੯ ਦਸੌਂਦਾ ਸਿੰਘ ਨੂੰ ਪੈਸੇ ਜਲਦੀ ਕਿਉਂ ਚਾਹੀਦੇ ਸਨ?

**{੮} ਹੇਠ ਲਿਖੇ ਪੈਰ੍ਹੇ ਦੇ ਅਧਾਰ ਤੇ ਉੱਤਰ ਦਿਓ:-**

"ਹੁਣ ਉਹਨਾਂ ਸੀ ਨਵੀਂ ਜ਼ਮੀਨ, ਯੂ. ਪੀ. ਵਾਲੀ ਜ਼ਮੀਨ ਦਾ ਕੋਈ ਝਗੜਾ ਖੜਾ ਹੋ ਗਿਆ ਅਤੇ ਉਹ ਸਮਝਦੇ ਹਨ ਕਿਸ ਮੈਂ ਉਹਨਾਂ ਲਈ ਸਹਾਈ ਹੋ ਸਕਦਾ ਹਾਂ। ਝਗੜਾ ਵੀ ਉਹਨਾਂ ਦਾ ਕਿਸੇ ਹਰਿ ਨਾਲ ਨਹੀਂ, ਆਪਣੇ ਹੀ ਪਰਿਵਾਰ ਨਾਲ, ਆਪਣੇ ਹੀ ਪੁੱਤਰਾਂ ਨਾਲ। ਉਹਨਾਂ ਦੇ ਕਹਿਣ ਅਨੁਸਾਰ ਇਹ ਗੁੰਡੇ ਹਨ।

(੧) ਕਹਾਣੀ ਅਤੇ ਕਹਾਣੀਕਾਰ ਦਾ ਨਾਂ ਲਿਖੋ। **੨**
(੨) ਝਗੜਾ ਕਿਸ ਕਿਸ ਵਿਚਕਾਰ ਸੀ ? **੧**
(੩) ਕਿਸ ਦੀਆਂ ਨਜ਼ਰਾਂ ਵਿੱਚ ਕੌਣ ਗੁੰਡਾ ਹੈ ਅਤੇ ਕਿਉਂ ? **੧**

**{੯} ਬਾਬਿਆ ਦੀ ਭੈਣ ਦੇ ਸਰੀਰਕ ਬਲ ਦੀ ਘਟਨਾ ਬਿਆਨ ਕਰੋ? ੧*੫= ੫**

**{੧੦} ਦੁਸ਼ਮਣ ਇਕਾਂਗੀ ਦੇ ਪਾਤਰ ਰਘੁਨਾਥ ਦੀ ਪਾਤਰ ਉਸਾਰੀ ਕਰੋ? ੧*੫= ੫**

**{੧੧} ਹੇਠ ਲਿਖੇ ਕਾਵਿ ਟੋਟਿਆਂ ਦੇ ਪ੍ਰਸ਼ਨਾਂ ਦੇ ਉੱਤਰ ਦਿਓ:-**

**(ੳ) ਫਰੀਦਾ ਬਾਰਿ ਪਰਾਇਆ ਬੈਸਣਾ ਸਾਂਈ ਮੁਝੇ ਨਾ ਦੇਹਿ !**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ !**

(੧) ਇਸ ਕਾਵਿ-ਬੰਦ ਦਾ ਰਚਨਹਾਰੇ ਤੇ ਸਿਰਲੇਖ ਦਾ ਨਾਂ ਲਿਖੋ ? **੨**
(੨) ਕਿਹੋ ਜਿਹੇ ਜੀਵਨ ਨਾਲੋਂ ਮੌਤ ਚੰਗੀ ਹੈ ? **੧**
(੩) ਇਸ ਬੰਦ ਦਾ ਕੇਂਦਰੀ ਭਾਵ ਲਿਖੋ ? **੧**

**(ਅ) ਆਣ ਸੁੱਤੀ ਮਾਂ ਦੇ ਕਲੇਜੇ ਛੁਰਾ ਮਾਰਿਆ,**
**ਸ਼ਗਨਾ ਦੀ ਮਹਿੰਦੀ ਜੀਹਨੇ ਹੱਥਾਂ ਉੱਤੇ ਲਾਉਣੀ ਸੀ,**
**ਘੋੜੀਆਂ,ਸੁਹਾਗ ਗੌਂ ਕੇ ਚੰਨਾ! ਮਾਹੀਆ! ਤਾਰਿਆ!**

(ੳ) ਇਸ ਕਾਵਿ-ਬੰਦ ਦਾ ਰਚਨਹਾਰੇ ਤੇ ਸਿਰਲੇਖ ਦਾ ਨਾਂ ਲਿਖੋ? **੨**
(ਅ) ਘਰ ਆ ਕੇ ਨੌਜਵਾਨ ਨੇ ਕੀ ਕੀਤਾ? **੧**
(ੲ) ਮਾਂ ਨੇ ਪੁੱਤ ਲਈ ਕੀ ਕੀ ਕਰਨਾ ਸੀ? **੧**

**ਤਿਆਰ ਕਰਤਾ :-**
ਸੁਖਜਿੰਦਰ ਸਿੰਘ (ਟੀ. ਜੀ. ਟੀ. ਪੰਜਾਬੀ )
ਜਵਾਹਰ ਨਵੋਦਿਆ ਵਿਦਿਆਲਿਆ,
ਤਿਉਣਾ ਪੁਜਾਰੀਆਂ।
ਬਠਿੰਡਾ।
ਮੋਬਾਇਲ ਨੰਬਰ : **9417561893. e.mail address : sssukhi25@ Yahoo.com**

**pdfMachine**
**A pdf writer that produces quality PDF files with ease!**
Produce quality PDF files in seconds and preserve the integrity of your original documents. Compatible across nearly all Windows platforms, if you can print from a windows application you can use pdfMachine.
Get yours now!